ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8,ਐਸ.ਏ.ਐਸ.ਨਗਰ।
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.)
ਸਮੂਹ ਸਕੂਲ ਮੁਖੀ/ਪ੍ਰਿੰਸੀਪਲ (ਵੈਬਸਾਈਟ ਰਾਹੀਂ)

ਮੀਮੋ ਨੰ. E-58355/੪੦੨੪੨੨੨੦੧੧
ਮਿਤੀ:- ੨੨-੦੮-੨੦੨੨

ਵਿਸ਼ਾ:- ਨੈਸ਼ਨਲ ਸਕਾਲਰਸਿਪ ਪੋਰਟਲ ਤੇ ਘੱਟ ਗਿਣਤੀ ਵਰਗੇ ਦੇ ਵਿਦਿਆਰਥੀਆਂ ਵੱਲੋਂ ਪ੍ਰੀ ਮੈਟ੍ਰਿਕ/ਪੋਸਟ ਮੈਟ੍ਰਿਕ ਅਤੇ ਮੈਰਿਟ ਕਮ ਮੀਨਜ ਸਕਾਲਰਸਿਪ ਅਧੀਨ ਆਨਲਾਈਨ ਦਰਖਾਸਤਾਂ ਦਰਜ ਕਰਨ ਲਈ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ, ਨਵੀਂ ਦਿੱਲੀ ਵੱਲੋਂ ਜਾਰੀ ਕੀਤੀ ਸਮਾਂ ਸਾਰਣੀ ਸਬੰਧੀ।

1.0 ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਵਿਦਿਅਕ ਸੈਸ਼ਨ 2022-23 ਦੌਰਾਨ ਘੱਟ ਗਿਣਤੀ ਵਰਗ (six notified minority Communities, viz Muslim, Christian, Sikh, Buddhist, Jain, Parsi (Zoroastrain) ਦੇ ਵਿਦਿਆਰਥੀਆਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ ਤੇ ਆਨ ਲਾਈਨ ਅਪਲਾਈ ਕਰਨ ਲਈ ਹੇਠ ਲਿਖੀਆਂ ਮਿਤੀਆਂ ਅਨੁਸਾਰ ਸ਼ਡਿਊਲ ਜਾਰੀ ਕੀਤਾ ਗਿਆ ਹੈ:-

**For Pre Matric**

| Timeline Activity | Date |
|---|---|
| Opening of NSP Portal | 20-07-2022 |
| Last date of applying for Application | 30-09-2022 |
| Last date for first level verification (L1) (for institution) | 16-10-2022 |

**For Post Matric/Top Class/Merit cum Mean Based Scholarship Application**

| Timeline Activity | Date |
|---|---|
| Opening of NSP Portal | 20-07-2022 |
| Last date of applying for Application | 31-10-2022 |
| Last date for first level verification (L1) (for institution) | 15-11-2022 |

2.0 ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਭਾਰਤ ਸਰਕਾਰ ਘੱਟ ਗਿਣਤੀ ਮੰਤਰਾਲੇ ਵੱਲੋਂ ਜਾਰੀ ਸਮਾਂ ਸਾਰਣੀ ਅਨੁਸਾਰ ਸਕੀਮ ਦੇ ਨਿਯਮਾਂ ਦੀ ਇੰਨ-ਬਿੰਨ ਪਾਲਣਾ ਕਰਵਾਉਂਦੇ ਹੋਏ ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਦੀਆਂ ਦਰਖਾਸਤਾਂ ਨੈਸ਼ਨਲ ਸਕਾਲਰਸਿਪ ਪੋਰਟਲ ਤੇ ਦਰਜ ਕਰਵਾਈਆਂ ਜਾਣ ਤਾਂ ਜੋ ਯੋਗ ਵਿਦਿਆਰਥੀ ਵਜੀਫੇ ਦਾ ਲਾਭ ਪ੍ਰਾਪਤ ਕਰ ਸਕਣ।

ਨੱਥੀ (ਇਸਤਿਹਾਰ ਦੀ ਕਾਪੀ)

ਪ੍ਰਦੀਪ ਕੁਮਾਰ ਅਗਰਵਾਲ
ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
ਮਿਤੀ ਉਕਤ

ਪਿੱਠ ਅੰਕਣ ਨੰ. ਉਕਤ

ਉਕਤ ਦਾ ਉਤਾਰਾ ਡਿਪਟੀ ਡਾਇਰੈਕਟਰ ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਨੂੰ ਉਨਾਂ ਦੇ ਪੱਤਰ ਨੰ. ਸ-20/ਮਨਿਓਰਟੀ/12957-13003 ਮਿਤੀ 12-08-2022 ਸਬੰਧੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਹਾਇਕ ਡਾਇਰੈਕਟਰ ਵਜੀਫਾ

Scanned with CamScanner

Scanned by CamScanner

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ: ਸਿ), ਬਠਿੰਡਾ।

ਪਿੱਠ ਅੰਕਣ ਨੰ: ਸੀ-5/1(7)/2022/937 ਮਿਤੀ: 22-08-2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਹਰ ਹਾਲ ਯਕੀਨੀ ਬਣਾਈ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ: ਸਿ),
ਬਠਿੰਡਾ।
22/8/22

Scanned by CamScanner

(ਘੱਟ ਗਿਣਤੀ ਵਰਗ ਲਈ ਪ੍ਰੀ ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ)

ਘੱਟ ਗਿਣਤੀ ਮੰਤਰਾਲੇ, ਭਾਰਤ ਸਰਕਾਰ ਵਲੋਂ ਛੇ ਘੱਟ ਗਿਣਤੀ ਵਰਗ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਦੇ ਵਿਦਿਆਰਥੀਆਂ ਨੂੰ ਪ੍ਰੀ-ਮੈਟ੍ਰਿਕ, ਪੋਸਟ ਮੈਟ੍ਰਿਕ ਸਕਾਲਰਸ਼ਿਪ ਅਤੇ ਮੈਰਿਟ-ਕਮ-ਮੀਨਸ ਬੇਸਡ ਸਕਾਲਰਸ਼ਿਪ ਦਾ ਲਾਭ 2022-23 ਦੌਰਾਨ ਪ੍ਰਾਪਤ ਕਰਨ ਲਈ ਇਕ ਮੌਕਾ ਦਿੱਤਾ ਗਿਆ ਹੈ। ਇਸ ਲਈ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ 100% ਕੇਂਦਰੀ ਪ੍ਰਾਯੋਜਿਤ ਇਨ੍ਹਾਂ ਸਕੀਮਾਂ ਅਧੀਨ ਨੈਸ਼ਨਲ ਸਕਾਲਰਸ਼ਿਪ ਪੋਰਟਲ www.scholarships.gov.in 'ਤੇ ਆਨਲਾਈਨ ਦਰਖਾਸਤਾਂ ਦੀ ਮੰਗ ਕਰਦਾ ਹੈ।



ਭਗਵੰਤ ਮਾਨ ਮੁੱਖ ਮੰਤਰੀ ਪੰਜਾਬ

**ਸਮਾਂ ਸਾਰਣੀ:**

| | | |
|---|---|---|
| ਵਿਦਿਆਰਥੀਆਂ ਵਲੋਂ ਨਵੀਂ ਸਕਾਲਰਸ਼ਿਪ (ਪਹਿਲੀ ਵਾਰ ਬਿਨੈਕਾਰ) ਅਤੇ ਨਵੀਨੀਕਰਨ ਸਕਾਲਰਸ਼ਿਪ (ਉਹ ਬਿਨੈਕਾਰ ਜਿਨ੍ਹਾਂ ਨੇ 2021-22 ਦੌਰਾਨ ਸਕਾਲਰਸ਼ਿਪ ਪ੍ਰਾਪਤ ਕੀਤੀ ਹੈ) ਲਈ ਆਨਲਾਈਨ ਅਰਜ਼ੀ ਜਮ੍ਹਾਂ ਕਰਨ ਦੀ ਆਖਰੀ ਮਿਤੀ। | 1. ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਸਕੀਮ। | 30 ਨਵੰਬਰ, 2022 |
| | 2. ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ। 3. ਮੈਰਿਟ-ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ | 31 ਅਕਤੂਬਰ 2022 |

**ਯੋਗਤਾ:**

- ਬਿਨੈਕਾਰ ਸੂਚਿਤ ਘੱਟ ਗਿਣਤੀ ਭਾਈਚਾਰੇ (ਸਿੱਖ, ਮੁਸਲਿਮ, ਬੋਧੀ, ਪਾਰਸੀ, ਜੈਨ ਅਤੇ ਇਸਾਈ) ਨਾਲ ਸਬੰਧਤ ਹੋਵੇ।
- ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 1.00 ਲੱਖ ਰੁਪਏ, ਪੋਸਟ ਮੈਟ੍ਰਿਕ ਸਕਾਲਰਸ਼ਿਪ ਲਈ ਆਮਦਨ ਹੱਦ 2.00 ਲੱਖ ਰੁਪਏ ਅਤੇ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਲਈ ਆਮਦਨ ਹੱਦ 2.50 ਲੱਖ ਰੁਪਏ ਹੈ।
- ਬਿਨੈਕਾਰ ਸਰਕਾਰੀ ਜਾਂ ਮਾਨਤਾ ਪ੍ਰਾਪਤ ਪ੍ਰਾਈਵੇਟ ਯੂਨੀਵਰਸਿਟੀ/ਸੰਸਥਾ/ਕਾਲਜ/ਸਕੂਲ ਵਿਚ ਪੜ੍ਹਾਈ ਕਰਦਾ ਹੋਵੇ।
- ਅਪਣਾਇਆ ਹੋਇਆ ਕੋਰਸ ਘੱਟ ਘੱਟ ਇਕ ਸਾਲ ਦੀ ਮਿਆਦ ਦਾ ਲਾਜ਼ਮੀ ਹੋਵੇ।
- ਬਿਨੈਕਾਰ ਨੂੰ ਪਿਛਲੇ ਸਾਲਾਨਾ ਬੋਰਡ/ਕਲਾਸ ਦੀ ਪ੍ਰੀਖਿਆ ਵਿਚ 50% ਅੰਕ ਪ੍ਰਾਪਤ ਕੀਤੇ ਹੋਣੇ ਚਾਹੀਦੇ ਹਨ।

**ਹਦਾਇਤਾਂ:**

ਬਿਨੈਕਾਰ ਲਈ

- ਦਰਖਾਸਤਕਰਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਨੈਸ਼ਨਲ ਸਕਾਲਰਸ਼ਿਪ ਪੋਰਟਲ ਦੀ ਵੈੱਬਸਾਈਟ www.scholarships.gov.in (ਇਸ ਸਾਈਟ ਦਾ ਲਿੰਕ www.minorityaffairs.gov.in 'ਤੇ ਵੀ ਉਪਲਬੱਧ ਹੈ) ਜਾਂ ਮੋਬਾਇਲ ਐਪ-ਨੈਸ਼ਨਲ ਸਕਾਲਰਸ਼ਿਪ (ਐੱਨ.ਐੱਸ.ਪੀ) ਤੇ ਸਕਾਲਰਸ਼ਿਪ ਸਕੀਮਾਂ ਵਿਚੋਂ ਕਿਸੇ ਇਕ ਲਈ ਆਨਲਾਈਨ ਅਪਲਾਈ ਕਰਨ।
- ਆਨਲਾਈਨ ਅਰਜ਼ੀ ਭਰਨ ਲਈ ਵਿਸਤ੍ਰਿਤ ਹਦਾਇਤਾਂ ਅਤੇ ਅਕਸਰ ਪੁੱਛੇ ਜਾਂਦੇ ਪ੍ਰਸ਼ਨ (ਆਮ ਪੁੱਛੇ ਜਾਂਦੇ ਪ੍ਰਸ਼ਨ) ਨੈਸ਼ਨਲ ਸਕਾਲਰਸ਼ਿਪ ਪੋਰਟਲ ਦੇ ਹੋਮਪੇਜ 'ਤੇ ਉਪਲਬਧ ਹਨ।
- ਬਿਨੈਕਾਰ ਨੂੰ ਸਿਰਫ ਉਸ ਬੈਂਕ ਖਾਤੇ ਦੇ ਵੇਰਵੇ ਦੇਣ ਦੀ ਸਲਾਹ ਦਿੱਤੀ ਜਾਂਦੀ ਹੈ ਜੋ ਕਿ ਆਧਾਰ ਨਾਲ ਲਿੰਕ, ਐਕਟਿਵ ਮੋਡ ਵਿਚ ਹੋਣ ਅਤੇ ਬੈਂਕ ਦੀਆਂ ਹਦਾਇਤਾਂ ਮੁਤਾਬਿਕ ਅਨੁਕੂਲ ਹੋਣ ਤਾਂ ਜੋ ਸਕਾਲਰਸ਼ਿਪ ਦੇ ਭੁਗਤਾਨ ਵਿਚ ਕੋਈ ਅਸਫਲਤਾ ਨਾ ਹੋਵੇ।
- ਆਮਦਨ ਸਰਟੀਫਿਕੇਟ ਕੰਪੀਟੈਂਟ ਅਥਾਰਟੀ (ਘੱਟੋ ਘੱਟ ਤਹਿਸੀਲਦਾਰ/ਨਾਇਬ ਤਹਿਸੀਲਦਾਰ) ਵਲੋਂ ਜਾਰੀ ਹੋਇਆ ਹੋਵੇ।
- ਸਕਾਲਰਸ਼ਿਪ ਅਪਲਾਈ ਕਰਦੇ ਸਮੇਂ ਵਿਦਿਆਰਥੀ ਵਲੋਂ ਕੇਵਲ ਆਪਣਾ ਮੋਬਾਇਲ ਨੰਬਰ ਹੀ ਭਰਿਆ ਜਾਵੇ, ਕਿਉਂਕਿ ਸਕਾਲਰਸ਼ਿਪ ਨਾਲ ਸਬੰਧਤ ਸਾਰੀਆਂ ਅੱਪਡੇਟ ਰਜਿਸਟਰਡ ਮੋਬਾਇਲ 'ਤੇ ਹੀ ਆਉਂਦੀਆਂ ਹਨ। ਇਸ ਲਈ ਉਸ ਮੋਬਾਇਲ ਨੰਬਰ ਨੂੰ ਤਬਦੀਲ ਨਾ ਕੀਤਾ ਜਾਵੇ।

ਯੂਨੀਵਰਸਿਟੀ/ਸੰਸਥਾਵਾਂ/ਕਾਲਜਾਂ/ਸਕੂਲਾਂ ਲਈ

- ਸਾਰੀਆਂ ਯੂਨੀਵਰਸਿਟੀਆਂ/ਸੰਸਥਾਵਾਂ/ਕਾਲਜਾਂ/ਸਕੂਲਾਂ ਜਿੱਥੇ ਘੱਟ ਗਿਣਤੀ ਵਰਗ ਦੇ ਵਿਦਿਆਰਥੀ ਪੜ੍ਹ ਰਹੇ ਹਨ ਉਨ੍ਹਾਂ ਸੰਸਥਾਵਾਂ ਨੂੰ ਨੈਸ਼ਨਲ ਸਕਾਲਰਸ਼ਿਪ ਪੋਰਟਲ 'ਤੇ ਰਜਿਸਟਰ ਕਰਵਾਇਆ ਜਾਵੇ (ਜੇਕਰ ਪਹਿਲਾਂ NSP 'ਤੇ ਰਜਿਸਟਰ ਨਹੀਂ ਹਨ)।
- ਸੰਸਥਾ ਵਲੋਂ ਸਕੀਮ ਅਧੀਨ ਪ੍ਰਵਾਨ ਕੀਤੇ ਵਿਦਿਆਰਥੀਆਂ ਦੇ ਮੁਕੰਮਲ ਦਸਤਾਵੇਜ਼ ਆਪਣੇ ਕੋਲ ਰੱਖਣੇ ਅਤਿ ਜ਼ਰੂਰੀ ਹਨ।
- ਸੰਸਥਾ ਵਲੋਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਇਕ ਵਿਦਿਆਰਥੀ ਕੇਵਲ ਇਕ ਹੀ ਸਕਾਲਰਸ਼ਿਪ ਸਕੀਮ ਵਿਚ ਅਪਲਾਈ ਕਰੇ। ਜੇਕਰ ਸੰਸਥਾ ਵਲੋਂ ਕੋਈ ਵੀ ਡੁਪਲੀਕੇਟ ਜਾਂ ਗਲਤ ਵਿਦਿਆਰਥੀ ਅੱਗੇ ਫਾਰਵਰਡ ਕੀਤਾ ਜਾਂਦਾ ਹੈ ਤਾਂ ਇਸਦੀ ਨਿਰੋਲ ਜ਼ਿੰਮੇਵਾਰੀ ਸੰਸਥਾ ਦੀ ਹੋਵੇਗੀ।

- ਵਿਸਥਾਰਪੂਰਵਕ ਜਾਣਕਾਰੀ ਲਈ ਘੱਟ ਗਿਣਤੀ ਮੰਤਰਾਲੇ ਦੀ ਵੈੱਬਸਾਈਟ ਵੇਖੋ, ਜਿਵੇਂ ਕਿ www.minorityaffairs.gov.in
- ਪੁੱਛਗਿੱਛ/ਪੱਤਰ ਵਿਹਾਰ ਲਈ ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ pmsminorityaffairspunjab@gmail.com ਮੈਰਿਟ ਕਮ-ਮੀਨਜ਼ ਬੇਸਡ ਸਕਾਲਰਸ਼ਿਪ ਸਕੀਮ ਦੀ ਈ-ਮੇਲ minoritymcm@gmail.com ਅਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੀ ਈ-ਮੇਲ postmatricminoritypunjab@gmail.com ਹੈ

Scanned by CamScanner